# ਪੇਰੈਂਟ ਕਲੱਬ ਕਿਵੇਂ ਮਦਦ ਕਰ ਸਕਦਾ ਹੈ



## ਮਾਪੇ ਬਣਨਾ ਦੁਨੀਆਂ ਦਾ ਸਭ ਤੋਂ ਵਧੀਆ ਕੰਮ ਹੁੰਦਾ ਹੈ। ਪਰ ਕਈ ਵਾਰ ਸਥਿਤੀ ਔਖਿਆਈ ਵਾਲੀ ਹੋ ਸਕਦੀ ਹੈ।

ਇਸੇ ਲਈ ਸਕਾਟਿਸ਼ ਸਰਕਾਰ ਨੇ ਪੇਰੈਂਟ ਕਲੱਬ (**Parent Club**) ਬਣਾਇਆ ਹੈ। ਕਿਉਂਕਿ ਉਨ੍ਹਾਂ ਪਲਾਂ ਵਿੱਚ, ਜਦੋਂ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਕਿਸੇ ਥਾਂ ਜਾਣ ਦੀ ਲੋੜ ਹੁੰਦੀ ਹੈ, ਅਸੀਂ ਤੁਹਾਡੀ ਮਦਦ ਲਈ ਉਸ ਜਾਣਕਾਰੀ ਸਹਿਤ ਤੁਹਾਡੇ ਨਾਲ ਹੋਣਾ ਚਾਹੁੰਦੇ ਹਾਂ, ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ, ਅਤੇ ਉਹ ਵੀ ਸਭ ਕੁਝ ਇੱਕੋ ਥਾਂ 'ਤੇ।

ਗਰਭ ਅਵਸਥਾ ਤੋਂ ਲੈ ਕੇ ਛੋਟੇ ਬੱਚਿਆਂ ਦੇ ਗੁੱਸੇ ਅਤੇ ਸਕੂਲ ਜਾਣ ਤੱਕ, ਉਨ੍ਹਾਂ ਮੁਸ਼ਕਲ ਕਿਸ਼ੋਰ ਸਾਲਾਂ ਤੱਕ, ਪੇਰੈਂਟ ਕਲੱਬ ਤੁਹਾਡੇ ਮਾਪਿਆਂ ਦੇ ਸਫ਼ਰ ਦੇ ਹਰ ਕਦਮ 'ਤੇ ਤੁਹਾਡਾ ਸਮਰਥਨ ਕਰਨ ਲਈ ਇੱਥੇ ਹੈ, ਪਰਿਵਾਰਕ ਜੀਵਨ ਦੀਆਂ ਸਾਰੀਆਂ ਚੁਣੌਤੀਆਂ ਲਈ ਸੁਝਾਅ ਅਤੇ ਸਲਾਹ ਪ੍ਰਦਾਨ ਕਰਦਾ ਹੈ।

ਭਾਵੇਂ ਤੁਸੀਂ ਹੰਝੂਆਂ ਨੂੰ ਸ਼ਾਂਤ ਕਰਨ, ਦੁੱਧ ਪਿਲਾਉਣ ਦੀ ਸਲਾਹ, ਆਪਣੇ ਛੋਟੇ ਬੱਚੇ ਨਾਲ ਸਬੰਧ ਬਣਾਉਣ ਲਈ ਇੱਕ ਜਾਂ ਇੱਕ ਤੋਂ ਵੱਧ ਵਿਹਾਰਕ ਸੁਝਾਅ ਲੱਭ ਰਹੇ ਹੋ, ਤਾਂ ਉਹ ਤੁਹਾਨੂੰ ਇਸ **ParentClub.scot** 'ਤੇ ਮਿਲਣਗੇ।

Parent Club







# ਕਲੱਬ ਵਿੱਚ ਸ਼ਾਮਲ ਹੋਵੋ

ਇਹ ਨਾ ਭੁੱਲੋ ਕਿ ਪੇਰੈਂਟ ਕਲੱਬ ਦੀ ਵੈੱਬਸਾਈਟ ਤੁਹਾਡੇ ਲਈ 24/7 ਮੌਜੂਦ ਹੈ, ਮਾਹਿਰਾਂ ਦੀ ਸਲਾਹ ਨਾਲ ਜਿਸ 'ਤੇ ਤੁਸੀ ਭਰੋਸਾ ਕਰ ਸਕਦੇ ਹੋ ਅਤੇ ਦੂਜੇ ਮਾਪਿਆਂ ਦੇ ਭਰੋਸੇਮੰਦ ਸੁਝਾਅ ਜੋ ਸਮਝਦੇ ਹਨ ਕਿ ਤੁਸੀ ਕਿਸ ਵਿੱਚੋਂ ਗੁਜ਼ਰ ਰਹੇ ਹੋ।

**ParentClub.scot**

ਕੀ ਤੁਸੀ ਅਜੇ ਤੱਕ ਪੇਰੈਂਟ ਕਲੱਬ ਈਮੇਲਾਂ ਲਈ ਸਾਈਨ ਅੱਪ ਕੀਤਾ ਹੈ? ਸੌਣ ਵੇਲੇ ਹੋਣ ਵਾਲੀਆਂ ਲੜਾਈਆਂ ਤੋਂ ਲੈ ਕੇ ਚਾਹ ਦੇ ਸਮੇਂ ਹੋਣ ਵਾਲੀਆਂ ਝਗੜਿਆਂ ਤੱਕ, ਇੱਕ ਵਾਰ ਜਦੋਂ ਤੁਸੀ ਸਾਈਨ ਅੱਪ ਕਰ ਲੈਂਦੇ ਹੋ, ਤਾਂ ਤੁਹਾਨੂੰ ਆਪਣੇ ਬੱਚੇ ਦੀ ਉਮਰ ਦੇ ਅਨੁਸਾਰ ਨਿਯਮਤ ਈਮੇਲ ਪਰ੍ਾਪਤ ਹੋਣਗੇ।

**ParentClub.scot/join-the-club**

ਪਾਲਣ-ਪੋਸ਼ਣ ਦੇ ਉਤਰਾਅ-ਚੜ੍ਹਾਅ ਵਿੱਚੋਂ ਲੰਘਣ ਵਿੱਚ ਤੁਹਾਡੀ ਮਦਦ ਕਰਨ ਲਈ ਨਿਯਮਤ ਸੁਝਾਵਾਂ ਅਤੇ ਉਪਯੋਗੀ ਸਲਾਹ ਲਈ Facebook ਅਤੇ Instagram 'ਤੇ ਸਾਡੇ ਭਾਈਚਾਰਿਆਂ ਵਿੱਚ ਕਿਉਂ ਨਾ ਸ਼ਾਮਲ ਹੋਵੋ?

**Facebook.com/ParentClubScotland**
**Instagram.com/ParentClubScotland**

Parent Club
parentclub.scot

Scottish Government
Riaghaltas na h-Alba